ਬਾਲ ਸਾਹਿਤ

# ਪੰਛੀਆਂ ਦਾ ਬਸੇਰਾ




ਮਨਮੋਹਨ ਸਿੰਘ ਦਾਊਂ

ਸਾਹਿਤ ਅਕਾਦਮੀ (ਦਿੱਲੀ) ਸਨਮਾਨਿਤ

ਸ਼੍ਰੋਮਣੀ ਪੰਜਾਬੀ ਬਾਲ ਸਾਹਿਤ

ਲੇਖਕ ਸਨਮਾਨ



# ਪੰਛੀਆਂ ਦਾ ਬਸੇਰਾ

(ਬਾਲ ਕਹਾਣੀਆਂ)


## ਮਨਮੋਹਨ ਸਿੰਘ ਦਾਊਂ

ਸਾਹਿਤ ਅਕਾਦਮੀ (ਦਿੱਲੀ) ਸਨਮਾਨਿਤ
ਸ਼੍ਰੋਮਣੀ ਪੰਜਾਬੀ ਬਾਲ ਸਾਹਿਤ
ਲੇਖਕ ਸਨਮਾਨ






ਇਸ ਪੁਸਤਕ ਦੇ ਸਾਰੇ ਹੱਕ ਰਾਖਵੇਂ ਹਨ। ਪ੍ਰਕਾਸ਼ਕ ਦੀ ਲਿਖਤੀ ਆਗਿਆ ਬਿਨ੍ਹਾਂ ਇਸ ਕਿਤਾਬ ਦੇ ਕਿਸੇ ਵੀ ਹਿੱਸੇ ਨੂੰ, ਫੋਟੋਕਾਪੀ ਜਾਂ ਹੋਰ ਕਿਸੇ ਵੀ ਮਸ਼ੀਨੀ ਮਾਧਿਅਮ ਨਾਲ ਦੋਬਾਰਾ ਨਹੀਂ ਛਾਪਿਆ ਜਾ ਸਕਦਾ।

**Panchhian Da Basera**
(Stories for children)

ISBN : 978-81-7914-425-1


Edition : 2020

Price : Rs. 80

ਪ੍ਰਕਾਸ਼ਕ


**ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ**
3236, ਸੈਕਟਰ 15-ਡੀ, ਚੰਡੀਗੜ੍ਹ-160015





## ਸਮਰਪਣ

ਆਪਣੇ ਪਿੰਡ ਦਾਊਂ ਦੇ ਮੁਢਲੇ ਪ੍ਰਾਇਮਰੀ ਸਕੂਲ ਨੂੰ
ਯਾਦ ਕਰਦਿਆਂ ਜਿੱਥੇ ਮੈਂ ਪੰਜਾਬੀ ਬਾਲ ਬੋਧ
ਰਾਹੀਂ ਆਪਣੀ ਮਾਂ-ਬੋਲੀ
ਪੰਜਾਬੀ ਸਿੱਖੀ!





# ਕੀ ਕਿੱਥੇ?


| ਕਹਾਣੀ ਦਾ ਨਾਂ | ਸਫ਼ਾ |
|---|---|
| ਪੰਛੀਆਂ ਦਾ ਬਸੇਰਾ | 5 |
| ਆਲ੍ਹਣਾ ਕਿੱਥੇ ਬਣੂ? | 8 |
| ਤੋਤੇ ਦੀ ਸਿਆਣਪ | 11 |
| ਨਲਕਾ ਗੇੜਿਆ ਕਾਵਾਂ | 15 |






## ਪੰਛੀਆਂ ਦਾ ਬਸੇਰਾ

ਪਿੰਡ ਤੋਂ ਦੋ ਕਿਲੋਮੀਟਰ ਦੂਰ ਇਕ ਸੰਘਣਾ ਬਾਗ ਸੀ। ਕਹਿੰਦੇ ਨੇ ਇਹ ਬਾਗ ਬਾਬਾ ਬੁੱਧ ਸਿੰਘ ਨੇ ਚਾਲੀ-ਪੰਜਾਹ ਸਾਲ ਪਹਿਲਾਂ ਲਗਵਾਇਆ ਸੀ।

ਬਾਗ ਵਿਚ ਅੰਬਾਂ ਦੇ ਰੁੱਖ ਅਣਗਿਣਤ ਸਨ। ਬਾਗ ਦੇ ਆਲੇ-ਦੁਆਲੇ ਜਾਮਣਾਂ ਦੇ ਰੁੱਖ ਲਗਵਾਏ ਹੋਏ ਸਨ। ਇਸ ਨੂੰ 'ਅੰਬਾਂ ਵਾਲਾ ਬਾਗ' ਨਾਂ ਨਾਲ ਪਿੰਡ ਦੇ ਬੱਚੇ ਯਾਦ ਕਰਦੇ ਸਨ। ਬਜ਼ੁਰਗ ਲੋਕ 'ਬਾਬਾ ਬੁੱਧ ਸੈਂ' ਦਾ ਬਾਗ ਬੋਲਦੇ ਸਨ। ਇਹ ਬਾਗ ਪਿੰਡ ਦੀ ਪੱਛਮ ਦਿਸ਼ਾ ਵੱਲ ਸਥਿਤ ਸੀ। ਇਸ ਬਾਗ ਦੇ ਨੇੜੇ ਹੀ ਢੱਕਾਂ ਦੀ ਝਿੜੀ ਸੀ। ਦੋਵਾਂ ਵਿਚਕਾਰ ਉਪਰੋਂ ਪਾਣੀ ਦਾ ਇਕ ਚੋਅ ਵਹਿੰਦਾ ਸੀ। ਚੋਅ ਦੇ ਉੱਤਰ ਵਿਚ ਕੁਝ ਵਿੱਥ 'ਤੇ ਕਈ ਫੈਕਟਰੀਆਂ ਲੱਗੀਆਂ ਹੋਈਆਂ ਸਨ।

ਬਾਗ ਪੁਰਾਣਾ ਹੋਣ ਕਾਰਨ, ਪੰਛੀਆਂ ਦਾ ਬਸੇਰਾ ਬਣਿਆ ਹੋਇਆ ਸੀ। ਪੰਛੀਆਂ ਨੇ ਆਪਣੇ ਆਲ੍ਹਣੇ ਬਣਾਏ ਹੋਏ ਸਨ। ਪੰਛੀਆਂ ਦੀਆਂ ਸੁਰੀਲੀਆਂ ਆਵਾਜ਼ਾਂ ਰਾਹੀਆਂ ਨੂੰ ਮੋਹਿਤ ਕਰ ਦੇਂਦੀਆਂ ਸਨ।

"ਕੁਦਰਤ ਦੇ ਜਾਇਆਂ ਦਾ ਤਾਂ ਇਹੋ ਘਰ ਹੈ, ਬਾਗ!!! ਭਲਾ ਹੋਵੇ, ਉਸ ਦਾਨੀ ਬਾਬਾ ਬੁੱਧ ਸੈਂ ਦਾ ਜਿਸ ਨੇ ਪੁੱਤਾਂ ਵਾਂਗੂ ਇਸ ਬਾਗ ਨੂੰ ਪਾਲਿਆ, ਕੋਲੋਂ ਲੰਘਦੇ ਕਈ ਸਿਆਣੇ ਆਖਦੇ।"

ਉਸ ਪਿੰਡ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚ ਇਹ ਖ਼ਬਰ ਫੈਲ ਗਈ ਕਿ ਕੁਝ ਪੰਛੀ ਪਤਾ ਨਹੀਂ ਕਿਉਂ ਮਰਨ ਲੱਗ ਪਏ ਸਨ। ਬਾਗ ਵਿਚ ਮੋਰ, ਕਾਂ, ਕਬੂਤਰ, ਇੱਲਾਂ, ਘੁੱਗੀਆਂ, ਗੁਟਾਰਾਂ, ਤੋਤੇ, ਬਗਲੇ ਤੇ ਕਈ ਹੋਰ ਪੰਛੀਆਂ ਨੇ ਆਲ੍ਹਣੇ ਬਣਾਏ ਹੋਏ ਸਨ।

ਪੰਛੀ ਆਲੇ ਦੁਆਲੇ ਦੇ ਖੇਤਾਂ 'ਚੋਂ ਚੋਗਾ ਚੁਗਦੇ ਰਹਿੰਦੇ। ਕੁਝ ਪੰਛੀ ਦੂਰ ਚੋਗੇ ਦੀ ਭਾਲ ਵਿਚ ਉਡ ਜਾਂਦੇ ਤੇ ਆਥਣ ਨੂੰ ਆਪਣੇ ਆਲ੍ਹਣਿਆਂ 'ਚ ਪਰਤ ਆਉਂਦੇ।

ਕੁਝ ਪੰਛੀਆਂ ਦੇ ਮਰਨ ਨਾਲ, ਪੰਛੀਆਂ ਨੂੰ ਵੀ ਚਿੰਤਾ ਹੋ ਗਈ। ਅਸਲ ਵਿਚ ਨੇੜੇ ਵਗਦੇ ਚੋਅ ਦਾ ਪਾਣੀ ਸ਼ੁੱਧ ਨਹੀਂ ਸੀ ਰਿਹਾ। ਫੈਕਟਰੀ ਵਾਲਿਆਂ ਨੇ ਫੈਕਟਰੀ ਦੀ ਰਹਿੰਦ-ਖੂੰਹਦ ਤੇ ਜ਼ਹਿਰੀਲੇ ਪਦਾਰਥ ਚੋਅ ਦੇ ਪਾਣੀ ਵਿਚ ਪਾਉਣੇ ਸ਼ੁਰੂ ਕਰ ਦਿੱਤੇ ਸਨ। ਚੋਅ ਦਾ ਪਾਣੀ ਪੀਣ ਯੋਗ ਨਹੀਂ ਸੀ ਰਿਹਾ। ਜ਼ਹਿਰੀਲਾ ਬਣ ਗਿਆ। ਜਿਸ ਪੰਛੀ ਨੇ ਕਿਤੇ ਇਹ ਪਾਣੀ ਪੀ ਲਿੱਤਾ। ਉਸ 'ਤੇ ਉਸ ਦਾ ਮਾਰੂ ਅਸਰ ਹੋਣਾ ਹੀ ਸੀ। ਜਾਨਵਰਾਂ ਲਈ ਵੀ ਇਹ ਘਾਤਕ ਸੀ। ਬੰਦਿਆਂ ਨੂੰ ਚਮੜੀ ਰੋਗ ਹੋਣ ਦਾ ਡਰ ਸੀ।









ਕਬੂਤਰਾਂ 'ਚੋਂ ਇਕ ਸਿਆਣੇ ਕਬੂਤਰ ਨੂੰ ਇਸ ਗੱਲ ਦੀ ਸਮਝ ਪੈ ਗਈ। ਉਸ ਨੇ ਪੰਛੀਆਂ ਨੂੰ ਚੋਅ 'ਚੋਂ ਪਾਣੀ ਪੀਣ ਲਈ ਮਨ੍ਹਾ ਕਰ ਦਿੱਤਾ ਤਾਂ ਜੋ ਹੋਰ ਕੋਈ ਪੰਛੀ ਨਾ ਮਰੇ।

ਹੁਣ ਮੁਸ਼ਕਲ ਇਹ ਸੀ ਕਿ ਪਾਣੀ ਪੀਣ ਕਿੱਥੇ ਜਾਇਆ ਜਾਵੇ। ਗਰਮੀ ਦੇ ਦਿਨ ਆ ਗਏ ਸਨ। ਤ੍ਰੇਹ ਬੁਝਾਉਣ ਲਈ ਪਾਣੀ ਦੀ ਭਾਲ ਹੋਰ ਵੀ ਜ਼ਰੂਰੀ ਹੋ ਗਈ। ਪੰਛੀ ਵਿਆਕੁਲ ਸਨ। ਕਰਨ ਤਾਂ ਕੀ ਕਰਨ। ਵਰਖਾ ਦੀ ਰੁੱਤ ਵੀ ਅਜੇ ਦੂਰ ਸੀ।

ਸਿਆਣੇ ਕਬੂਤਰ ਨੇ ਆਪਣੀ ਜ਼ਿੰਮੇਵਾਰੀ ਸਮਝੀ। ਉਹ ਸਵੇਰ ਤੋਂ ਸ਼ੁੱਧ ਪਾਣੀ ਦੀ ਭਾਲ ਵਿਚ ਉਡਦਾ ਰਿਹਾ। ਇੱਧਰ-ਉੱਧਰ, ਦੂਰ ਨੇੜੇ ਪਾਣੀ ਦੀ ਭਾਲ ਕਰਦਾ ਰਿਹਾ। ਉਸ ਨੇ ਹੌਸਲਾ ਰੱਖਿਆ। ਹਿੰਮਤ ਨਾ ਹਾਰੀ। ਆਖ਼ਰ ਉਸ ਨੂੰ ਇਕ ਧਰਮ ਅਸਥਾਨ ਦੇ ਗੁੰਬਦ ਨਜ਼ਰੀਂ ਪਏ। ਉਸ ਅਸਥਾਨ ਦੇ ਇਕ ਪਾਸੇ ਇਕ ਸਰੋਵਰ ਸੀ। ਸਰੋਵਰ ਨਿਰਮਲ ਪਾਣੀ ਵਾਲਾ ਸੀ। ਲਹਿ-ਲਹਿ ਕਰਦੇ ਪਾਣੀ ਨੂੰ ਵੇਖ ਕੇ, ਉਸ ਦੀ ਚੁੰਝ 'ਚ ਪਾਣੀ ਭਰ ਆਇਆ। ਪੋਲੇ ਜਿਹੇ ਬੈਠ ਕੇ ਕੰਢੇ 'ਤੇ, ਉਸ ਨੇ ਆਪਣੀ ਤ੍ਰੇਹ ਬੁਝਾਈ। ਥਕਾਵਟ ਜਾਂਦੀ ਰਹੀ।

ਸ਼ਰਧਾਲੂਆਂ ਨੇ ਸਰੋਵਰ ਦੀ ਇਕ ਨੁੱਕਰੇ ਪੰਛੀਆਂ ਦੇ ਚੋਗੇ ਲਈ ਕਈ ਤਰ੍ਹਾਂ ਦੇ ਦਾਣੇ ਵੀ ਖਿਲਾਰੇ ਹੋਏ ਸਨ। ਠੁੰਗਾਂ ਮਾਰ ਸਿਆਣੇ ਕਬੂਤਰ ਨੇ ਦਾਣੇ ਚੁੱਗ ਕੇ ਭੁੱਖ ਵੀ ਮਿਟਾਈ।

ਉੱਥੋਂ ਉਡਾਰੀਆਂ ਮਾਰਦਾ, ਸਿਆਣਾ ਕਬੂਤਰ ਆਪਣੇ ਸਾਥੀਆਂ ਨੂੰ ਖ਼ੁਸ਼ੀ ਦੀ ਖ਼ਬਰ ਦੇਣ ਲਈ ਪਹੁੰਚ ਗਿਆ। ਪੰਛੀ ਉਸ ਦੀ ਉਡੀਕ ਕਰ ਰਹੇ ਸਨ। ਉਸ ਨੇ ਆਪਣੇ ਸਾਥੀਆਂ ਨੂੰ ਉਸ ਸਰੋਵਰ ਬਾਰੇ ਸਾਰਾ ਕੁਝ ਦੱਸ ਦਿੱਤਾ। ਸਾਰੇ ਉਸ ਦੀ ਭਾਲ ਤੋਂ ਖ਼ੁਸ਼ ਹੋ ਰਹੇ ਹਨ। ਪਾਣੀ ਪੀਣ ਦੀ ਸਮੱਸਿਆ ਦੂਰ ਹੋ ਗਈ। ਹੁਣ ਬਾਗ ਦੇ ਪੰਛੀ ਉਸ ਸਰੋਵਰ ਵੱਲ ਉਡਾਰੀਆਂ ਭਰਦੇ। ਪਾਣੀ ਪੀਂਦੇ, ਚੋਗਾ ਚੁਗਦੇ ਤੇ ਆਪਣੇ ਘਰਾਂ ਨੂੰ ਮੁੜ ਆਉਂਦੇ।

ਪੰਛੀਆ ਦੇ ਇੰਜ ਅਚਾਨਕ ਮਰਨ ਦੀ ਖ਼ਬਰ ਨਾਲ, ਪਿੰਡ ਦੇ ਲੋਕ ਵੀ ਹੈਰਾਨ ਹੋ ਰਹੇ ਸਨ। ਆਖ਼ਰ ਇਹ ਗੱਲ ਪਤਾ ਕਰਨ ਤੋਂ ਸਾਹਮਣੇ ਆ ਗਈ ਕਿ ਫੈਕਟਰੀਆਂ ਦਾ ਜ਼ਹਿਰੀਲਾਪਣ ਚੋਅ 'ਚ ਸੁੱਟਣ ਤੋਂ ਰੋਕਿਆ ਜਾਵੇ। ਪਿੰਡ ਦੀ ਪੰਚਾਇਤ ਨੇ ਇਸ ਚੋਅ ਨੂੰ ਸ਼ੁੱਧ ਰੱਖਣ ਲਈ ਮਤਾ ਪਾਸ ਕੀਤਾ। ਆਖ਼ਰ ਆਪਣੇ ਹਲਕੇ ਦੇ ਡਿਪਟੀ ਕਮਿਸ਼ਨਰ ਕੋਲ ਜਾ ਕੇ ਲਿਖਤੀ ਅਰਜ਼ੀ ਦਿੱਤੀ। ਝੱਟ ਸੰਬੰਧਿਤ ਪ੍ਰਦੂਸ਼ਣ ਕੰਟ੍ਰੋਲ ਵਿਭਾਗ ਕੋਲ ਮਸਲਾ ਪੁੱਜ ਗਿਆ ਤੇ ਇਸ ਸਮੱਸਿਆ ਨੂੰ ਹੱਲ ਕਰਨ ਲਈ ਕਾਨੂੰਨੀ ਕਾਰਵਾਈ ਕੀਤੀ ਗਈ। ਫੈਕਟਰੀ ਮਾਲਕਾਂ ਦੀ ਇਸ ਅਣਗਹਿਲੀ ਨੂੰ ਰੋਕ ਦਿੱਤਾ ਗਿਆ।

ਚੋਅ ਦੇ ਪਾਣੀ ਨੂੰ ਸ਼ੁੱਧ ਤੇ ਸਵੱਛ ਹੋਣ ਲਈ ਕਾਫੀ ਸਮਾਂ ਲੱਗਿਆ। ਪਰ ਕਬੂਤਰ ਅਜੇ ਵੀ ਉਸ ਸਰੋਵਰ ਤੋਂ ਹੀ ਪਾਣੀ ਪੀਂਦੇ ਜਿਵੇਂ ਉਨ੍ਹਾਂ ਨੂੰ ਉਸ ਸਰੋਵਰ ਨਾਲ ਮੋਹ ਹੋ ਗਿਆ ਹੋਵੇ।







# ਆਲ੍ਹਣਾ ਕਿੱਥੇ ਬਣੂ ?

ਪਿੰਡ ਦੇ ਛੱਪੜ ਦੇ ਨੇੜਿਓਂ ਇਕ ਸੜਕ ਲੰਘਦੀ ਸੀ। ਇਹ ਸੜਕ ਅਗਲੇ ਪਿੰਡਾਂ ਨੂੰ ਜਾਂਦੀ ਸੀ। ਸੜਕ 'ਤੇ ਆਵਾਜਾਈ ਚਲਦੀ ਰਹਿੰਦੀ। ਸੜਕ ਦੇ ਨਾਲ-ਨਾਲ ਘਣੇ ਰੁੱਖ ਲੱਗੇ ਹੋਏ ਸਨ। ਇਹ ਰੁੱਖ ਬਹੁਤ ਪੁਰਾਣੇ ਸਨ। ਸੜਕ 'ਤੇ ਰੁੱਖਾਂ ਦੀ ਛਾਵੇਂ ਰਾਹੀ ਦਮ ਲੈਂਦੇ ਤੇ ਠੰਢੀ ਛਾਂ ਦਾ ਅਨੰਦ ਮਾਣਦੇ। ਅੱਗੇ ਟੁਰਦੇ। ਰੁੱਖਾਂ ਉਤੇ ਪੰਛੀਆਂ ਨੇ ਆਲ੍ਹਣੇ ਪਾਏ ਹੋਏ ਸਨ। ਚੀਂ-ਚੀਂ ਕਰਦੇ, ਅਵਾਜ਼ਾਂ ਕੱਢਦੇ ਤੇ ਖੂਬ ਰੌਣਕ ਲਾਈ ਰੱਖਦੇ। ਆਲ੍ਹਣਿਆਂ 'ਚ ਆਂਡੇ ਦਿੰਦੇ, ਬੋਟ ਨਿਕਲਦੇ ਤੇ ਅੰਬਰੀਂ ਉਡਾਰੀਆਂ ਭਰਦੇ। ਪੰਛੀ ਰੁੱਖਾਂ ਦਾ ਭਲਾ ਲੋੜਦੇ।


ਨੇੜੇ ਦੇ ਛੱਪੜ ਵਿਚ ਡੱਡੂ, ਮੱਛੀਆਂ, ਕੱਛੂ ਤੇ ਹੋਰ ਜੀਵ ਤਰਦੇ ਫਿਰਦੇ। ਸਾਉਣ ਦੇ ਮਹੀਨੇ ਤਾਂ ਡੱਡੂ ਟ੍ਰੈਂ-ਟ੍ਰੈਂ ਕਰਦੇ ਮੀਂਹ ਪੈਣ ਦੀ ਉਡੀਕ 'ਚ ਬਾਹਰ ਕੰਢਿਆਂ 'ਤੇ ਆ ਬੈਠਦੇ। ਇਸੇ ਛੱਪੜ ਵਿਚ ਬਗਲਾ ਬਗਲੀ ਦੀ ਜੋੜੀ ਆਪਣੇ ਆਲ੍ਹਣੇ ਤੋਂ ਉਡਾਰੀ ਮਾਰ ਮੱਛੀਆਂ ਤੇ ਜੀਵ ਖਾਣ ਲਈ ਆ ਵੜਦੀ। ਇਹ ਛੱਪੜ ਉਨ੍ਹਾਂ ਨੂੰ ਰੱਜ ਦੇਂਦਾ। ਬਗਲਾ ਬਗਲੀ ਛੋਟੀਆਂ ਮੱਛੀਆਂ ਦਾ ਸ਼ਿਕਾਰ ਕਰ ਕੇ ਖੁਸ਼ ਹੁੰਦੇ। ਸਮਾਂ ਲੰਘਦਾ ਰਿਹਾ।

ਉਸ ਸੜਕ ਨੂੰ ਹੋਰ ਚੌੜੀ ਬਣਾਉਣ ਦੇ ਹੁਕਮ ਆ ਗਏ। ਇਹ ਸਰਕਾਰੀ ਹੁਕਮ ਸੀ ਜਿਸ ਕਾਰਨ ਸੜਕ ਦੇ ਨਾਲ ਲੱਗਦੇ ਰੁੱਖਾਂ ਨੂੰ ਪੁੱਟਿਆ ਜਾਣਾ ਸੀ। ਰੁੱਖਾਂ ਦੀ ਪੁਟਾਈ ਸ਼ੁਰੂ ਹੋ ਗਈ। ਰੁੱਖਾਂ ਦੇ ਪੰਛੀਆਂ ਤੋਂ ਇਹ ਕਹਿਰ ਵੇਖਿਆ ਨਾ ਗਿਆ। ਉਨ੍ਹਾਂ ਦੇ ਆਲ੍ਹਣੇ ਵੀ ਰੁੱਖਾਂ ਦੇ ਥੱਲੇ ਡਿਗਣ ਨਾਲ ਬਰਬਾਦ ਹੋ ਗਏ। ਪੰਛੀਆਂ ਨੇ ਉੱਥੋਂ ਉਡ ਕੇ ਨਵੀਆਂ ਥਾਵਾਂ ਲੱਭਣੀਆਂ ਸ਼ੁਰੂ ਕੀਤੀਆਂ। ਬਗਲਾ ਬਗਲੀ ਵੀ ਸੋਚੀਂ ਪੈ ਗਏ। ਜਾਈਏ ਤੇ ਕਿੱਥੇ ਜਾਈਏ ? ਆਲ੍ਹਣਾ ਤਾਂ ਬਣਾਉਣਾ ਜ਼ਰੂਰੀ ਸੀ। ਬਗਲੀ ਨੇ ਆਂਡੇ ਦੇਣੇ ਸਨ। ਬੋਟ ਪਾਲਣੇ ਸਨ। ਹੋਰ ਕੋਈ ਨੇੜੇ ਤੇੜੇ ਛੱਪੜ ਵੀ ਨਹੀਂ ਸੀ। ਢਿੱਡ ਦੀ ਭੁੱਖ ਉਨ੍ਹਾਂ ਨੂੰ ਤੰਗ ਕਰ ਰਹੀ ਸੀ। ਕਈ ਦਿਨ ਭੁੱਖਿਆਂ ਵੀ ਰਹਿਣਾ ਪਿਆ। ਆਲ੍ਹਣਾ ਬਣਾਉਣ ਲਈ ਉਨ੍ਹਾਂ ਨੇ ਥਾਂ ਦੀ ਭਾਲ ਕਰਨੀ ਸ਼ੁਰੂ ਕੀਤੀ। ਕਈ ਥਾਵਾਂ ਵੇਖੀਆਂ।

ਛੱਪੜ ਤੋਂ ਥੋੜ੍ਹੀ ਦੂਰ ਕਿਸਾਨ ਦਾ ਇਕ ਟਿਊਬਵੈਲ ਸੀ ਜਿਸ ਦੇ ਕੋਠੇ ਉੱਤੇ ਬਾਂਸ ਨਾਲ ਕਾਨਿਆਂ ਦੀ ਇਕ ਛੱਤਰੀ ਜਿਹੀ ਟੰਗੀ ਹੋਈ ਸੀ। ਬਗਲੇ ਨੇ ਸੋਚਿਆ ਇਸ ਉੱਤੇ ਆਲ੍ਹਣਾ ਬਣਾਇਆ ਜਾ ਸਕਦਾ ਹੈ। ਉਸ ਨੇ ਬਗਲੀ ਨੂੰ ਵੀ ਉਹ ਥਾਂ ਵਿਖਾਈ। ਦੋਵਾਂ ਨੇ ਫੈਸਲਾ ਕੀਤਾ ਕਿ ਇਹ ਥਾਂ ਠੀਕ ਰਹੇਗੀ ਕਿਉਂਕਿ ਉੱਥੋਂ ਛੱਪੜ ਵੀ ਨੇੜੇ ਪੈਂਦਾ ਸੀ। ਉਨ੍ਹਾਂ ਨੂੰ ਇਹ ਵੀ ਯਾਦ ਆਇਆ ਕਿ ਜਦੋਂ ਕਿਸਾਨ ਆਪਣਾ ਖੇਤ ਵਾਹੇਗਾ ਤਾਂ ਕੀੜੇ-ਮਕੌੜੇ ਖਾਣ ਲਈ ਵੀ ਮੌਜ










ਰਹੇਗੀ। ਕਿਸਾਨ ਤੋਂ ਉਨ੍ਹਾਂ ਨੂੰ ਕੋਈ ਡਰ ਵੀ ਨਹੀਂ ਸੀ। ਕਿਸਾਨ ਦਾ ਤਾਂ ਉਹ ਮਿੱਤਰ ਪੰਛੀਆਂ ਵਿਚ ਗਿਣਿਆ ਜਾਂਦਾ ਸੀ। ਬਗਲੇ ਨੇ ਖੁਸ਼ੀ 'ਚ ਖੰਭ ਫੈਲਾਏ ਤੇ ਬਗਲੀ ਦੀ ਚੁੰਝ ਨਾਲ ਚੁੰਝ ਮਿਲਾਈ। ਬਗਲਾ ਬਗਲੀ ਨੇ ਸੋਚ ਕੇ ਉੱਥੇ ਆਲ੍ਹਣਾ ਬਣਾਉਣਾ ਸ਼ੁਰੂ ਕਰ ਦਿੱਤਾ। ਖੇਤਾਂ 'ਚੋਂ ਘਾਹ-ਫੂਸ ਤੇ ਤੀਲੇ ਵੀ ਸੌਖੇ ਮਿਲ ਗਏ। ਕੁਝ ਦਿਨਾਂ ਦੀ ਮਿਹਨਤ ਨਾਲ ਆਲ੍ਹਣਾ ਬਣ ਗਿਆ। ਬਗਲਾ ਬਗਲੀ ਖੁਸ਼ੀ ਨਾਲ ਉੱਥੇ ਰਹਿਣ ਲੱਗੇ। ਜਦੋਂ ਭੁੱਖ ਲੱਗਦੀ ਛੱਪੜ ਵਿਚ ਜਾ ਵੜਦੇ। ਬਗਲੀ ਨੂੰ ਆਂਡੇ ਦੇਣ ਦੀ ਕੋਈ ਚਿੰਤਾ ਨਾ ਰਹੀ।

ਬਗਲੀ ਦੀ ਆਂਡੇ ਦੇਣ ਦੀ ਰੁੱਤ ਵੀ ਆ ਗਈ। ਸਮਾਂ ਬੀਤਦਾ ਗਿਆ। ਆਲ੍ਹਣੇ 'ਚੋਂ ਬਗਲੀ ਦੇ ਬੱਚੇ ਵੀ ਉਡਾਰੀਆਂ ਭਰਨ ਲੱਗੇ। ਮੁੜ ਇੱਕ ਪਰਿਵਾਰ ਵੱਸ ਗਿਆ। ਬਗਲਾ ਬਗਲੀ ਕਿਸਾਨ ਦਾ ਵੀ ਧੰਨਵਾਦ ਕਰਦੇ ਨਹੀਂ ਸੀ ਥੱਕ ਰਹੇ।





# ਤੋਤੇ ਦੀ ਸਿਆਣਪ

ਪਿੰਡ ਤੋਂ ਬਾਹਰ ਸਕੂਲ ਨੂੰ ਜਾਂਦੀ ਸੜਕ ਦੇ ਮੋੜ 'ਤੇ ਜਾਮਣ ਦਾ ਇਕ ਦਰੱਖਤ ਸੀ। ਗਰਮੀ ਦੀ ਰੁੱਤੇ ਇਸ ਨੂੰ ਜਾਮਣਾਂ ਲੱਗਦੀਆਂ। ਟਾਹਣੀਆਂ ਫਲ ਦੇ ਗੁੱਛਿਆਂ ਨਾਲ ਲੱਦ ਜਾਂਦੀਆਂ। ਮਿੱਠੀਆਂ-ਮਿੱਠੀਆਂ ਜਾਮਣਾਂ ਸਕੂਲੋਂ ਮੁੜਦੇ ਬੱਚੇ ਖ਼ੂਬ ਖਾਂਦੇ। ਜਾਮਣਾਂ ਖਾ ਕੇ ਉਨ੍ਹਾਂ ਦੇ ਹੱਥ ਤੇ ਜੀਭਾਂ ਰੰਗੀਆਂ ਜਾਂਦੀਆਂ।

ਇਸ ਜਾਮਣ 'ਤੇ ਕਈ ਪੰਛੀਆਂ ਦੇ ਆਲ੍ਹਣੇ ਵੀ ਸਨ। ਖੁੱਡਾਂ ਵਿਚ ਤੋਤਿਆਂ ਨੇ ਆਪਣੇ ਘਰ ਬਣਾਏ ਹੋਏ ਸਨ। ਲਾਲ ਕੰਠੀ ਵਾਲੇ ਤੋਤਿਆਂ ਨੂੰ ਵੇਖ ਬੱਚੇ ਬੜੇ ਖ਼ੁਸ਼ ਹੁੰਦੇ। ਕਈ ਵੇਰ ਬੱਚੇ ਤੋਤਿਆਂ ਦੇ ਖੰਭ ਵੀ ਲੱਭਦੇ ਤੇ ਆਪਣੇ ਵਾਲਾਂ ਵਿਚ ਟੁੰਗ ਲੈਂਦੇ। ਜਾਮਣ ਦੀ ਠੰਢੀ ਛਾਂ ਥੱਲੇ ਕਈ ਰਾਹੀ ਵੀ ਦਮ ਲੈਣ ਲਈ ਠਹਿਰ ਜਾਂਦੇ। ਇਸ ਮੋੜ ਨੂੰ ਜਾਮਣ ਵਾਲਾ ਮੋੜ ਆਖਿਆ ਜਾਂਦਾ। ਇਹ ਜਾਮਣ ਵਾਲਾ ਦਰੱਖਤ ਕਾਫੀ ਪੁਰਾਣਾ ਸੀ।

ਇਕ ਦਿਨ ਜੂਨ ਦੇ ਮਹੀਨੇ ਬੜਾ ਭਾਰੀ ਤੂਫ਼ਾਨ ਆਇਆ। ਹਨ੍ਹੇਰੀ ਕਾਰਨ ਚਾਰ-ਚੁਫੇਰਾ ਮਿੱਟੀ ਨਾਲ ਭਰ ਗਿਆ। ਤੂਫ਼ਾਨ ਏਨਾ ਮਾਰੂ ਸੀ ਕਿ ਬਹੁਤ ਸਾਰੇ ਬਿਰਖ ਪੁੱਟੇ ਗਏ। ਕਈਆਂ ਦੇ ਟਾਹਣੇ ਟੁੱਟਣ ਕਾਰਨ, ਰਸਤਿਆਂ 'ਤੇ ਆਵਾਜਾਈ ਰੁਕ ਗਈ। ਕਈ ਮਕਾਨਾਂ ਦੀਆਂ ਛੱਤਾਂ ਨੂੰ ਨੁਕਸਾਨ ਹੋਇਆ। ਟੀਨ ਵਾਲੀਆਂ ਛੱਤਾਂ ਉੱਡ ਗਈਆਂ। ਕਈ ਝੁੱਗੀਆਂ ਟੁੱਟ ਗਈਆਂ। ਇਸ ਭਿਆਨਕ ਤੂਫ਼ਾਨ ਨਾਲ ਫਲਦਾਰ ਰੁੱਖਾਂ ਦੇ ਫਲ ਝੜ ਗਏ। ਖੇਤਾਂ ਵਿਚ ਫ਼ਸਲਾਂ ਵਿਛ ਗਈਆਂ।

ਰੁੱਖਾਂ ਦੇ ਆਲ੍ਹਣਿਆਂ 'ਚੋਂ ਪੰਛੀ ਜਾਨ ਬਚਾਉਂਦੇ ਉੱਡਣ ਲੱਗੇ। ਇਸ ਤੂਫ਼ਾਨ ਨਾਲ ਉਹ ਜਾਮਣ ਵਾਲਾ ਦਰੱਖਤ ਵੀ ਪੁੱਟਿਆ ਗਿਆ। ਖੁੱਡਾਂ 'ਚੋਂ ਤੋਤੇ ਜਾਨ ਬਚਾਉਣ ਲਈ ਨਿਕਲ ਉੱਡੇ। ਆਲ੍ਹਣੇ ਟੁੱਟ ਗਏ ਤੇ ਪੰਛੀ ਹੋਰ ਥਾਵਾਂ ਭਾਲਣ ਲੱਗੇ। ਖੁੱਡ 'ਚੋਂ ਇਕ ਬੁੱਢਾ ਤੋਤਾ ਜਾਨ ਬਚਾਉਂਦਾ, ਕਿਸੀ ਹੋਰ ਥਾਂ ਲਈ ਭਾਲ ਕਰਨ ਲੱਗਾ। ਉਸ ਦੇ ਬਾਕੀ ਦੇ ਸਾਥੀ ਪਤਾ ਨਹੀਂ ਕਿੱਧਰ ਨੂੰ ਗਏ। ਉਡਦੇ-ਉਡਦੇ ਉਸ ਨੂੰ ਤ੍ਰੇਹ ਲੱਗ ਗਈ। ਤੂਫ਼ਾਨ ਤਾਂ ਥੰਮ ਗਿਆ ਪਰੰਤੂ ਉਸ ਨੂੰ ਪਾਣੀ ਢੂੰਡਣ ਲਈ ਇਕ ਸ਼ਹਿਰ ਨਜ਼ਰੀਂ ਪਿਆ। ਉਸ ਨੂੰ ਆਸ ਬੱਝੀ। ਅੱਖਾਂ 'ਚ ਚਮਕ ਆਈ ਤੇ ਖੰਭਾਂ ਦੀ ਸ਼ਕਤੀ ਨਾਲ ਉਹ ਸ਼ਹਿਰ 'ਚੋਂ ਪਾਣੀ ਦੀ ਭਾਲ ਕਰਨ ਲੱਗਾ। ਉਡਦੇ-ਉਡਦੇ, ਉਸ ਨੂੰ ਇਕ ਬੱਸ ਅੱਡਾ ਨਜ਼ਰੀਂ ਪਿਆ।

ਅੱਡੇ ਦੀ ਇਕ ਨੁੱਕਰੇ ਪਾਣੀ ਦੀ ਇਕ ਟੂਟੀ ਵਗ ਰਹੀ ਸੀ। ਮੁਸਾਫਰ ਬੱਸਾਂ ਦੀ ਉਡੀਕ ਕਰ ਰਹੇ ਸਨ। ਤੂਫ਼ਾਨ ਤੋਂ ਬਾਅਦ ਹਰ ਕੋਈ ਆਪਣੇ ਟਿਕਾਣੇ ਲੱਗਣਾ ਚਾਹੁੰਦਾ ਸੀ। ਬਜ਼ੁਰਗ ਤੋਤਾ ਉਸ ਟੂਟੀ ਦੇ ਨੇੜੇ-ਤੇੜੇ ਪੁੱਜ ਗਿਆ। ਉਸ ਨੂੰ ਸਾਹ ਚੜ੍ਹਿਆ ਹੋਇਆ ਸੀ। ਟੂਟੀ 'ਚੋਂ ਪਾਣੀ







ਵਗਦਾ ਵੇਖ ਇੱਕ ਵਾਰ ਤਾਂ ਉਹ ਆਪਣੀ ਚੁੰਝ ਸੁਆਰਨ ਲੱਗਿਆ। ਖੰਭਾਂ ਨੂੰ ਸੁਆਰਦਾ ਉਹ ਟੂਟੀ 'ਤੇ ਜਾ ਬੈਠਿਆ। ਉਸ ਨੇ ਇੱਧਰ-ਉੱਧਰ ਵੇਖਿਆ। ਕੋਈ ਨੇੜੇ ਨਹੀਂ ਸੀ। ਮੌਕਾ ਦੇਖਦਿਆਂ, ਉਸ ਨੇ ਟੂਟੀ 'ਚੋਂ ਪਾਣੀ ਪੀਣਾ ਸ਼ੁਰੂ ਕਰ ਦਿੱਤਾ। ਜਿਉਂ-ਜਿਉਂ ਉਹ ਪਾਣੀ ਪੀਂਦਾ, ਟੂਟੀ ਦਾ ਧੰਨਵਾਦ ਕਰੀ ਜਾਂਦਾ। ਪਾਣੀ ਦੀਆਂ ਬੂੰਦਾਂ ਉਸ ਨੂੰ ਕੀਮਤੀ ਮੋਤੀ ਜਾਪਣ ਲੱਗੀਆਂ। ਉਸ ਦੇ ਸਰੀਰ ਵਿਚ ਤਾਕਤ ਆ ਗਈ। ਅੱਖਾਂ ਜਿਵੇਂ ਚਮਕ ਗਈਆਂ। ਉਸ ਨੇ ਸੋਚਿਆ ਕਿ ਖੁੱਲ੍ਹੀ ਟੂਟੀ ਦਾ ਪਾਣੀ ਅਜਾਈਂ ਵਗ ਰਿਹਾ ਹੈ। ਇਸਦੀ ਸੰਭਾਲ ਕਰਨੀ ਜ਼ਰੂਰੀ ਹੈ। ਉਸ ਨੇ ਆਪਣੀ ਤ੍ਰੇਹ ਬੁਝਾਈ ਤੇ ਵਗਦੇ ਪਾਣੀ ਦੀ ਟੂਟੀ ਆਪਣੀ ਚੁੰਝ ਨਾਲ ਘੁਮਾ ਕੇ ਬੰਦ ਕਰ ਦਿੱਤੀ ਤੇ ਉੱਥੋਂ ਉਡ ਗਿਆ।

ਦੂਰ ਖਲੋਤਾ ਇੱਕ ਬਜ਼ੁਰਗ ਤੋਤੇ ਦੀ ਇਸ ਸਿਆਣਪ ਨੂੰ ਵੇਖ ਰਿਹਾ ਸੀ। ਉਸ ਦੇ ਮੂੰਹੋਂ ਨਿਕਲਿਆ, "ਸਾਡੇ ਨਾਲੋਂ ਤਾਂ ਪੰਛੀ ਹੀ ਸਿਆਣੇ ਹਨ ਜੋ ਪਾਣੀ ਦੀ ਕਦਰ ਕਰਦੇ ਹਨ।"







# ਨਲਕਾ ਗੇੜਿਆ ਕਾਵਾਂ

ਗਰਮੀ ਦੀ ਰੁੱਤ ਸੀ। ਕਹਿਰਾਂ ਦੀ ਗਰਮੀ ਪੈ ਰਹੀ ਸੀ। ਵਰਖਾ ਹੋਣ 'ਚ ਨਹੀਂ ਸੀ ਆ ਰਹੀ। ਬੱਦਲ ਹੁੰਦੇ ਪਰੰਤੂ ਵਰਖਾ ਦੀ ਬੂੰਦ ਨਾ ਵਰ੍ਹਦੀ। ਕਿੰਨੇ ਮਹੀਨੇ ਇੰਜ ਹੀ ਲੰਘ ਗਏ। ਔੜ ਲੱਗ ਗਈ।

ਰੁੱਖ, ਬੂਟੇ ਤੇ ਫ਼ਸਲਾਂ ਸੁੱਕਣ ਲੱਗੀਆਂ। ਟੋਭੇ, ਛੱਪੜ ਤੇ ਨਾਲੇ ਸੁੱਕ ਗਏ। ਸੋਕਾ ਪੈ ਗਿਆ। ਘਾਹ ਵੀ ਸੁੱਕ ਗਿਆ।

ਡੱਡੂ, ਮੱਛੀਆਂ ਤੇ ਕੱਛੂ ਤਾਂ ਦੂਰ ਦਰਿਆ ਵੱਲ ਨੂੰ ਭੱਜ ਗਏ। ਹਿਰਨਾਂ ਦੀਆਂ ਡਾਰਾਂ ਜੰਗਲਾਂ ਨੂੰ ਹੋ ਤੁਰੀਆਂ। ਚਿੜੀਆਂ ਲੋਕਾਂ ਦੇ ਘਰਾਂ ਦੇ ਬਾਹਰ ਰੱਖੇ ਠੂਠਿਆਂ ਤੇ ਮਿੱਟੀ ਦੇ ਕਸੋਰਿਆਂ ਦੀ ਭਾਲ 'ਚ ਉਡ ਉਡ ਥੱਕ ਗਈਆਂ। ਇੱਲਾਂ ਦੂਰ ਸਰੋਵਰਾਂ ਦੀ ਭਾਲ ਕਰਨ ਲੱਗੀਆਂ। ਘੁੱਗੀਆਂ, ਗੁਟਾਰਾਂ ਤੇ ਬਗਲੇ ਦਿੱਸਣ ਤੋਂ ਹਟ ਗਏ।

ਧਰਤੀ 'ਤੇ ਕਾਲ ਪੈ ਗਿਆ ਸੀ। ਪਾਣੀ ਦੀ ਤਿੱਪ ਲਈ ਹਰ ਕੋਈ ਤਰਸਣ ਲੱਗਿਆ।

ਕਾਂਵਾਂ ਦਾ ਇਕ ਝੁੰਡ ਵੀ ਇੱਧਰ-ਉੱਧਰ ਪਾਣੀ ਦੀ ਭਾਲ ਕਰ ਕਰ ਥੱਕ ਗਿਆ। ਇਨ੍ਹਾਂ ਕਾਂਵਾਂ ਦੀ ਗਿਣਤੀ ਸੱਤ ਸੀ। ਗਰਮੀ 'ਚ ਤ੍ਰੇਹ ਨਾਲ ਉਨ੍ਹਾਂ ਦੀ ਜਾਨ ਨਿਕਲ ਰਹੀ ਸੀ। ਕਾਂ ਕਾਂ ਦੀ ਅਵਾਜ਼ ਵੀ ਨਿਕਲਣੋਂ ਹਟ ਗਈ। ਕਰਨ ਤੇ ਕੀ ਕਰਨ। ਉਨ੍ਹਾਂ 'ਚ ਇਕ ਬੁੱਢਾ ਕਾਂ ਬੜਾ ਸਿਆਣਾ ਸੀ।

"ਹੌਸਲਾ ਰੱਖੋ, ਦਿਲ ਨਾ ਛੱਡੋ। ਦਮ ਰੱਖੋ, ਕਿਤੇ ਨਾ ਕਿਤੇ ਪਾਣੀ ਮਿਲ ਜਾਊਗਾ," ਬੁੱਢੇ ਕਾਂ ਨੇ ਕਿਹਾ।

ਆਖਰ ਉਨ੍ਹਾਂ ਕਾਵਾਂ ਦਾ ਝੁੰਡ ਇਕ ਰੁੱਖ 'ਤੇ ਆ ਬੈਠਾ। ਰੁੱਖ ਰਸਤੇ ਤੇ ਇਕ ਪਾਸੇ ਸੀ। ਨੇੜੇ ਹੀ ਪਾਣੀ ਦਾ ਇਕ ਨਲਕਾ ਲੱਗਿਆ ਹੋਇਆ ਸੀ। ਰਾਹੀ ਇਸ ਰੁੱਖ ਥੱਲੇ ਸਸਤਾਅ ਲੈਂਦੇ, ਅਰਾਮ ਕਰਦੇ। ਨਲਕਾ ਗੇੜ ਕੇ ਪਾਣੀ ਪੀਂਦੇ ਤੇ ਤ੍ਰੇਹ ਬੁਝਾ ਲੈਂਦੇ। ਇਹ ਚੁਰਸਤੇ ਵਾਲੀ ਥਾਂ ਸੀ।

ਅਸਲ ਵਿਚ ਇਹ ਨਲਕਾ ਇਕ ਦਾਨੀ ਬਜ਼ੁਰਗ ਨੇ ਕਈ ਸਾਲ ਪਹਿਲਾਂ ਲੋੜਵੰਦ ਰਾਹੀਆਂ ਲਈ ਲਗਵਾਇਆ ਸੀ। ਬੱਚਿਆਂ ਨੂੰ ਸਕੂਲੋਂ ਛੁੱਟੀ ਹੋਣ ਦਾ ਵੇਲਾ ਹੋ ਗਿਆ ਸੀ। ਬੁੱਢੇ ਕਾਂ ਨੇ ਕੁਝ ਬੱਚੇ ਨਲਕੇ ਤੋਂ ਪਾਣੀ ਪੀਂਦੇ ਤੱਕੇ। ਇਕ ਬੱਚਾ ਨਲਕੇ ਦੀ ਹੱਥੀ ਗੇੜਦਾ ਤੇ ਦੂਜੇ ਸਾਥੀ ਵਾਰੀ ਵਾਰੀ ਪਾਣੀ ਪੀਈ ਜਾਂਦੇ। ਇਹ ਬੱਚੇ ਪ੍ਰਾਇਮਰੀ ਸਕੂਲ ਤੋਂ ਪੜ੍ਹ ਕੇ ਆਏ ਸਨ। ਕਲੋਲਾਂ ਕਰ ਰਹੇ ਸਨ। ਖ਼ੂਬ ਮੌਜ ਮਸਤੀ ਮਨਾ ਰਹੇ ਸਨ।

ਬੁੱਢੇ ਕਾਂ ਨੂੰ ਵੀ ਆਪਣਾ ਬਚਪਨ ਚੇਤੇ ਆਇਆ। ਇਕ ਬੱਚਾ ਕਹਿਣ ਲੱਗਾ, "ਸ਼ਿਕਾਰੀ ਤੇ ਜਾਲ ਵਾਲੀ ਕਹਾਣੀ ਮੈਨੂੰ ਬੜੀ ਚੰਗੀ ਲੱਗਦੀ ਐ। ਕਬੂਤਰਾਂ ਨੇ ਆਪਣੀ ਜਾਨ ਬਚਾਉਣ







ਲਈ ਇਕੱਠਿਆਂ ਜ਼ੋਰ ਮਾਰ ਕੇ, ਸ਼ਿਕਾਰੀ ਦਾ ਜਾਲ ਉਖਾੜ ਦਿੱਤਾ ਤੇ ਨਾਲ ਹੀ ਲੈ ਉਡੇ। ਸ਼ਿਕਾਰੀ ਵੇਖਦਾ ਹੀ ਰਹਿ ਗਿਆ। ਹਿੰਮਤ ਵਿਚ ਸ਼ਕਤੀ ਤੇ ਏਕਤਾ ਦੀ ਤਾਕਤ ਜ਼ਿੰਦਾਬਾਦ।" ਬੁੱਢਾ ਕਾਂ ਇਹ ਸਭ ਕੁਝ ਸੁਣਦਾ ਰਿਹਾ।

ਬੱਚੇ ਤ੍ਰੇਹ ਬੁਝਾਅ, ਉੱਥੋਂ ਤੁਰਦੇ ਹੋਏ। ਰੁੱਖ ਦੇ ਪੱਤੇ ਰੁਮਕੇ। ਰੁੱਖ ਤੇ ਬੈਠਾ ਬੁੱਢਾ ਕਾਂ ਬੱਚਿਆਂ ਨੂੰ ਪਾਣੀ ਪੀਂਦੇ ਤੱਕਦਾ ਰਿਹਾ ਸੀ। ਉਸ ਦਾ ਰੁੱਖ ਤੋਂ ਥੱਲੇ ਬੱਚਿਆਂ ਕੋਲ ਆਉਣ ਨੂੰ ਜੀਅ ਵੀ ਕੀਤਾ। ਪਰ ਉਹ ਸੋਚੀਂ ਪੈ ਗਿਆ।

ਬੁੱਢੇ ਕਾਂ ਨੂੰ ਇਕ ਵਿਊਂਤ ਸੁਝੀ। "ਅਸੀਂ ਵੀ ਨਲਕੇ ਤੋਂ ਪਾਣੀ ਪੀ ਸਕਦੇ ਹਾਂ। ਮੇਰੀ ਮੰਨੋ। ਪੰਜ ਜਣੇ ਨਲਕੇ ਦੀ ਹੱਥੀ 'ਤੇ ਬੈਠ ਕੇ ਜ਼ੋਰ ਨਾਲ ਨਲਕਾ ਗੇੜੋ। ਸਾਂਝੀ ਤਾਕਤ ਨਾਲ। ਔਹ, ਜੋ ਪਲਾਸਟਿਕ ਦਾ ਗਲਾਸ ਪਿਆ, ਕੋਈ ਰਾਹੀ ਸੁੱਟ ਗਿਆ, ਮੈਂ ਉਸ ਨੂੰ ਨਲਕੇ ਥੱਲੇ ਰੱਖਦਾ, ਚੰਗੀ ਤਰ੍ਹਾਂ ਫੜ ਕੇ। ਪਾਣੀ ਦੀ ਕੋਈ ਬੂੰਦ ਬਾਹਰ ਨਾ ਡੁੱਲ੍ਹੇ। ਇਕ ਜਣਾ ਗਲਾਸ 'ਚੋਂ ਆਪਣੀ ਚੁੰਝ ਡਬੋ-ਡਬੋ ਪਾਣੀ ਪੀ ਲਵੇ। ਫਿਰ ਦੂਜਾ, ਤੀਜਾ, ਚੌਥਾ, ਪੰਜਵਾਂ ਤੇ ਛੇਵਾਂ ਵਾਰੀ ਵਾਰੀ। ਬੱਸ ਕਰੋ ਹਿੰਮਤ। ਮੈਂ ਸਭ ਤੋਂ ਬਾਅਦ ਪੀਵਾਂਗਾ।" ਬੁੱਢੇ ਕਾਂ ਨੇ ਹੁਕਮ ਕਰ ਦਿੱਤਾ।

ਬੁੱਢੇ ਕਾਂ ਦੀ ਸਿਆਣਪ ਤੋਂ ਕਾਂ ਬਹੁਤ ਖੁਸ਼ ਹੋਏ। ਝੱਟ ਰੁੱਖ ਤੋਂ ਉਡ ਕੇ, ਨਲਕੇ ਦੀ ਹੱਥੀ ਗੇੜਨ ਲੱਗੇ ਤੇ ਵਾਰੀ-ਵਾਰੀ ਪਾਣੀ ਪੀਣ ਲੱਗੇ। ਪਾਣੀ ਪੀ ਕੇ ਉਨ੍ਹਾਂ 'ਚ ਤਾਕਤ ਆ ਗਈ। ਬੁੱਢੇ ਕਾਂ ਨੇ ਸਭ ਤੋਂ ਬਾਅਦ ਪਾਣੀ ਪੀਤਾ।

ਪਾਣੀ ਪੀ ਕੇ, ਕਾਂ ਉੱਥੋਂ ਉਡ ਗਏ।







ਮਨਮੋਹਨ ਸਿੰਘ ਦਾਊਂ

Tarlochan
Publishers
Panchhian Da Basera

